34

(ਸਭ ਹੱਕ ਰਾਖਵੇਂ ਹਨ) (ਬਿਨਾਂ ਆਗਜ਼ਾ ਕੋਈ ਨਾ ਛਾਪੇ)

ੴ G.24

# ਸਿੱਖ ਧਰਮ ਤੇ ਮਾਸ

ਸਿਖ ਧਰਮ ਤੇ ਮਾਸ

-ਲੇਖਕ-

## ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ

"ਆਲਿਮ"

ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ

ਪ੍ਰਕਾਸ਼ਕ-

ਮੰਗਲ ਸਿੰਘ ਲਾਇਲਪੁਰੀ

(੧ ਹਾੜ ੧੯੯੮)

ਪਹਿਲੀ ਵਾਰ ੧੬੦੦ ਮੋਖ ॥)

613.2

29670

ਮੁਫ਼ਤ

ਸਰਦਾਰ ਆਤਮਾ ਸਿੰਘ ਜੀ ਰਈਸ ਰਾਵਲ ਪਿੰਡੀ ਪ੍ਰਧਾਨ ਮੰਤ੍ਰੀ ਨਾਮਧਾਰੀ ਦਰਬਾਰ ਜੀ ਦੀ ਸੇਵਾ ਵਿਚ ਪ੍ਰੇਮ ਸਹਿਤ ਸਮਰਪਿਤ ॥

(ਆਲਿਮ)

# ਪੁਸਤਕ ਵਿਸ਼ਜ

ਸਿਖ ਧਰਮ ਵਿਚ ਮਾਸ ਖਾਣ ਦੀ ਖੁਲ੍ਹ ਹੈਕਿ ਮਨਾਹੀ? ਏਸ ਵਿਸ਼ਜ ਵਿਚ ਕਾਫੀ ਮਤਭੇਦ ਹੈ। ਸ੍ਰੀ ਗੁਰੂ ਨਾਨਕ ਦੇਵ ਨੂੰ ਮੰਨਣ ਵਾਲੀਆਂ ਉਦਾਸੀ, ਨਿਰਮਲੇ, ਨਾਮਧਾਰੀ, ਸਨਾਤਨ ਸਿਖ ਅਤੇ ਸੇਵਾ ਪੰਥੀ ਆਦਿ ਸੰਪ੍ਰਦਾਵਾਂ ਮਾਸਾਹਾਰ ਨੂੰ ਗੁਰੂਮਤ ਦੇ ਵਿਰੁਧ ਸਮਝਦੀਆਂ ਹੋਈਆਂ ਇਸ ਗੱਲ ਦੀਆਂ ਪਰਚਾਰਕ ਹਨ, ਕਿ ਗੁਰੂ ਘਰ ਵਿਚ ਮਾਸ ਖਾਣ ਦੀ ਕੇਵਲ ਨਿਖੇਧੀ ਹੀ ਨਹੀਂ, ਸਗੋਂ ਇਸਦਾ ਖਾਣਾਂ ਪਾਪ ਅਰ ਉਸਦਾ ਫਲ ਨਰਕ ਮੰਨਿਆਂ ਗਿਆ ਹੈ। ਪਰੰਤੂ ਇਨ੍ਹਾਂ ਵਿੱਦਵਾਨ ਅਰ ਮੁਖੀ ਸੰਪ੍ਰਦਾਵਾਂ ਤੋਂ ਬਿਨਾਂ ਕਈ ਸਿੱਖ ਅਜੇਹੇ ਵੀ ਹਨ, ਜੋ ਸਿਖ ਧਰਮ ਵਿਚ ਮਾਸ ਖਾਣ ਨੂੰ ਨਖਿੱਧ ਨ ਸਮਝਦੇ ਹੋਏ ਇਸ ਗੱਲ ਦਾ ਪਰਚਾਰ ਕਰਦੇ ਹਨ, ਕਿ ਸਿੱਖਾਂ ਵਾਸਤੇ ਮਾਸ ਖਾਣਾ ਬਹੁਤ ਜ਼ਰੂਰੀ ਹੈ। ਕਈ ਥਾਈਂ ਮਾਸਾਹਾਰੀ ਅਤੇ ਨਿਰਮਾਸ ਸਿੱਖਾਂ ਵਿਚ ਇਹ ਵਿਸ਼ਾ ਕਾਫੀ ਝਗੜੇ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਕਈ ਸਾਲਾਂ ਤੋਂ ਮੇਰੇ ਕਈ ਮਿੱਤਰਾਂ ਵੱਲੋਂ ਮੈਨੂੰਇਸ ਗੱਲ ਦੀ ਲਗਾਤਾਰ ਪ੍ਰੇਰਨਾਂ ਹੁੰਦੀ ਰਹੀ, ਕਿ ਇਸ ਵਿਸ਼ਜ ਤੇ ਇਕ ਖੋਜ ਪੂਰਤ ਪੁਸਤਕ ਲਿਖਕੇ ਪੰਥ ਦੀ ਸੇਵਾ ਕਰਾਂ, ਪਰੰਤੂ ਰੁਝੇਵਿਆਂ ਦੇ ਕਾਰਨ ਮੈਂ ਆਪਣੇ ਮਿੱਤਰਾਂ ਦੀ ਮਨਸ਼ਾ ਪੂਰੀ ਨ ਕਰ ਸੱਕਿਆ। ਸ਼ੁਕਰ ਹੈ ਅਕਾਲ ਪੁਰਖ ਦਾ ਕਿ ਕੁਛ ਮਹੀ-ਨਿਆਂ ਦੀ ਲਗਾਤਾਰ ਮੇਹਨਤ ਉਪਰੰਤ ਅੱਜ ਮੈਂ ਇਸ ਯੋਗ ਹੋ ਸਕਿਆ ਹਾਂ ਕਿ ਅਪਣੇ ਮਿੱਤ੍ਰਾਂ ਦੇ ਹੱਥਾਂ ਵਿਚ ਇਹ ਪੁਸਤਕ ਦੇ ਕੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰ ਸੱਕਾਂ। ਪੁਸਤਕ ਦੇ

ਲਿਖਣ ਉਤੇ ਕਿੰਨੀਂ ਖੋਜ ਅਤੇ ਮੇਹਨਤ ਕਰਨੀ ਪਈ ਹੈ ? ਇਸ ਦਾ ਨਿਰਨਾਂ ਕਰਨਾ ਮੇਰਾ ਨਹੀਂ ਕਿੰਤੂ ਪਾਠਕਾਂ ਦਾ ਕੰਮ ਹੈ। ਹਾਂ ਏਨਾਂ ਦੱਸ ਦੇਣਾ ਜ਼ਰੂਰੀ ਹੈ, ਕਿ ਪੁਸਤਕ ਦੀ ਵੰਡ ਦੋ ਹਿੱਸਿਆਂ ਵਿਚ ਕੀਤੀ ਗਈ ਹੈ। ਪਹਿਲੇ ਹਿੱਸੇ ਵਿਚ ਜੋ ੧੦੨ ਸਫਿਆਂ ਤੇ ਸਮਾਪਤ ਹੁੰਦਾ ਹੈ, ਪਸ਼ੂਆਂ ਦੀ ਮਨੁੱਖ ਦੇ ਦਰਬਾਰ ਵਿਚ ਇਕ ਦਰਦਨਾਕ ਅਪੀਲ, ਗੁਰੂ ਨਾਨਕ ਮਿਸ਼ਨ ਤੇ ਮਾਸ, ਗੁਰਬਾਣੀ ਅਰ ਇਤਿਹਾਸਕ ਪ੍ਰਮਾਣਾਂ ਦੇ ਚਾਨਣੇਂ ਵਿਚ ਇਸ ਵਿਸ਼ਜ ਤੇ ਵਿਚਾਰ, ਮਾਸ ਖਾਣ ਵਾਲੇ ਪ੍ਰਚਾਰਕਾਂ ਦੇ ਇਤਰਾਜ਼ ਅਤੇ ਉਨ੍ਹਾਂ ਦੇ ਉੱਤਰ ਅੰਕਿਤ ਕੀਤੇ ਗਏ ਹਨ।

ਪੁਸਤਕ ਦੇ ਦੂਜੇ ਹਿੱਸੇ ਵਿੱਚ ਵੈਦਿਕ ਅਤੇ ਅਵੈਦਿਕ ਮਤਾਂ ਦੇ ਦ੍ਰਿਸ਼ਟੀ ਕੋਣ ਅਨੁਸਾਰ ਵਿਚਾਰ ਕਰਦਿਆਂ ਹੋਇਆਂ ਮਾਸ ਦਾ ਖਾਣਾਂ ਨਿਖਿੱਧ ਤੇ ਪਾਪ ਦੱਸਿਆ ਗਿਆ ਹੈ। ਅਵੈਦਿਕ ਮਤਾਂ ਦੇ ਵਿਸ਼ਜ ਵਿਚ ਬੁੱਧ ਧਰਮ, ਜੈਨ ਧਰਮ, ਦੇਵ ਸਮਾਜ, ਈਸਾਈਜਤ ਅਤੇ ਇਸਲਾਮ ਧਰਮ ਦੀ ਰੌਸ਼ਨੀ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ, ਕਿ ਮਾਸ ਦਾ ਖਾਣਾਂ ਰਹਿਮ ਅਤੇ ਅਹਿੰਸਾ ਦੇ ਵਿਰੁਧ ਹੋਣ ਦੇ ਕਾਰਨ ਮਾਨਵੀ ਧਰਮ ਦੇ ਉਲਟ ਹੈ। ਇਸਤੋਂ ਅਗੇ ਜਗਤ ਪ੍ਰਸਿਧ ਡਾਕਟਰਾਂ, ਦੇਸੀ ਤੇ ਵਿਦੇਸ਼ੀ ਮੁਸੰਨਫਾਂ ਅਤੇ ਸਾਇੰਸਦਾਨਾਂ (ਜਿਨ੍ਹਾਂ ਵਿਚ ਅੰਗ੍ਰੇਜ਼, ਅਮ੍ਰੀਕਨ, ਫਰਾਂਸੀਸੀ ਅਤੇ ਇਟਾਲੀਅਨ ਆਦਿ ਮੌਜੂਦ ਹਨ) ਦੀਆਂ ਰਾਵਾਂ ਅਰ ਪੁਸਤਕਾਂ ਦੇ ਹਵਾਲੇ ਦੇਕੇ ਇਹ ਦਰਸਾਇਆ ਗਿਆ ਹੈ, ਕਿ ਮਾਸ ਖਾਣਾਂ ਮਨੁੱਖ ਵਾਸਤੇ ਗ਼ੈਰ ਕੁਦਰਤੀ, ਬੇਲੋੜੀ, ਹਾਨੀਕਾਰਕ, ਨਿਰਦੈਤਾ ਪੂਰਤ ਅਤੇ ਸੇਹਤ ਨੂੰ ਵਿਗਾੜਨ ਵਾਲੀ ਖ਼ੁਰਾਕ ਹੈ।



ਪੁਸਤਕ ਦੇ ਛੇਕੜਲੇ ਪੱਤ੍ਰਿਆਂ ਵਿਚ ਉਨ੍ਹਾਂ ਜਗਤ ਪ੍ਰਸਿੱਧ ਪੁਰਸ਼ਾਂ ਦੀ ਸੰਖੇਪ ਜੇਹੀ ਫਰਿਸਤ ਦਿੱਤੀ ਗਈ ਹੈ ਜਿਨ੍ਹਾਂ ਨੇ ਵਰਤਮਾਨ ਕਾਲ ਵਿਚ ਅਪਣੀ ਅਲੌਕਿਕ ਦਿਮਾਗੀ, ਨੀਤਕ, ਸਰੀਰਕ ਅਤੇ ਚਮਤਕਾਰਕ ਸ਼ਕਤੀ ਦੁਆਰਾ ਸਾਰੇ ਬ੍ਰਹਿਮੰਡ ਦਾ ਧਿਆਨ ਅਪਣੇ ਵੱਲ ਖਿੱਚਿਆ ਹੋਇਆ ਹੈ, ਪਰ ਉਹ ਮਾਸ ਨਹੀਂ ਖਾਂਦੇ।

ਇਸ ਪੁਸਤਕ ਦੇ ਲਿਖਣ ਲਈ ਪ੍ਰਮਾਣ ਅਤੇ ਪੁਸਤਕ ਸੰਗ੍ਰਹ ਕਰਨ ਵਿਚ ਜੋ ਸਹੈਤਾ ਮੈਨੂੰ ਨਿਰਮਲ ਪੰਥ ਭੂਸ਼ਣ ਸ੍ਰੀ ੧੦੮ ਸੰਤ ਤੇਜਾ ਸਿੰਘ ਜੀ ਗਿਆਨੀ ਤਥਾ ਵੈਦ ਸ਼ਾਸਤ੍ਰੀ, ਮੰਤ੍ਰੀ ਨਿਰਮਲ ਮਹਾਂ ਮੰਡਲ ਅੰਮ੍ਰਿਤਸਰ ਵਲੋਂ ਪ੍ਰਾਪਤ ਹੋਈ ਹੈ ਉਸ ਲਈ ਮੈਂ ਉਨ੍ਹਾਂ ਦਾ ਦਿਲੋਂ ਵਜੋਂ ਕ੍ਰਿਤੱਗਜ ਹਾਂ।

ਅੰਤ ਵਿਚ ਮੈਂ ਪਾਠਕਾਂ ਦੀ ਸੇਵਾ ਵਿਚ ਸਨਿੰਮ੍ਰ ਪ੍ਰਾਰਥਨਾਂ ਕਰਦਾ ਹਾਂ, ਕਿ ਪੁਸਤਕ ਨੂੰ ਨਿਰਪੱਖ ਹੋਕੇ ਵਾਚਣ ਦੀ ਖੇਚਲ ਕੀਤੀ ਜਾਏ, ਤਾਕਿ ਅਸਲੀਜਤ ਦਾ ਪਤਾ ਲਗ ਸਕੇ।

ਅੰਮ੍ਰਿਤਸਰ
੧ ਹਾੜ ਸੰ: ੧੯੯੮ } ਨਿਧਾਨ ਸਿੰਘ "ਆਲਿਮ"

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.